**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**S.S.S. BOARD, PUNJAB**

**ਵਣ ਕੰਪਲੈਕਸ, ਸੈਕਟਰ-68 ਮੋਹਾਲੀ**

**ਨੰਬਰ 1/50/2016(DEO)-2ਅ/** ੧88 **ਮਿਤੀ, ਮੋਹਾਲੀ:** 04/08/2020

**<u>ਜਨਤਕ ਨੋਟਿਸ</u>**

1. ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਜਨਤਕ ਨੋਟਿਸ ਨੰਬਰ **1/50/2016(DEO)-2ਅ/757 ਮਿਤੀ 26/06/2020** (ਬੋਰਡ ਦੀ ਵੈੱਬਸਾਈਟ http://sssb.punjab.gov.in/ ਤੇ ਉਪਲੱਬਧ) ਰਾਹੀਂ ਉਮੀਦਵਾਰਾਂ ਨੂੰ ਸੂਚਿਤ ਕਰਕੇ ਇਸ਼ਤਿਹਾਰ ਨੰਬਰ 03/2016 ਅਧੀਨ ਪ੍ਰਕਾਸ਼ਿਤ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀਆਂ ਡਾਟਾ ਐਂਟਰੀ ਓਪਰੇਟਰ ਦੀਆਂ 39 ਅਸਾਮੀਆਂ ਲਈ ਕੌਂਸਲਿੰਗ ਮਿਤੀ 07/07/2020 ਤੋਂ 09/07/2020 ਤੱਕ ਕੀਤੀ ਗਈ ਸੀ। ਇਸ ਕੌਂਸਲਿੰਗ ਦੌਰਾਨ ਗੈਰਹਾਜਰ ਰਹੇ ਉਮੀਦਵਾਰਾਂ ਨੂੰ ਕੌਂਸਲਿੰਗ ਦਾ ਅੰਤਿਮ ਮੌਕਾ ਦਿੰਦੇ ਹੋਏ ਮਿਤੀ 11/08/2020 ਨੂੰ ਕੌਂਸਲਿੰਗ ਲਈ **ਦਫਤਰ ਅਧੀਨ ਸੇਵਾਵਾਂ ਚੋਣ ਬੋਰਡ, ਵਣ ਭਵਨ, ਸੈਕਟਰ 68, ਮੋਹਾਲੀ ਪੰਜਾਬ ਵਿਖੇ** ਬੁਲਾਇਆ ਜਾਂਦਾ ਹੈ।

2. ਉਪਰੋਕਤ ਗੈਰਹਾਜਰ ਰਹੇ ਉਮੀਦਵਾਰਾਂ ਤੋਂ ਇਲਾਵਾ ਹਰ ਕੈਟਾਗਰੀ ਦੀ ਕੱਟ ਆਫ ਘਟਾ ਕੇ Annexure A ਅਨੁਸਾਰ ਹੋਰ ਉਮੀਦਵਾਰਾਂ ਨੂੰ ਕੌਂਸਲਿੰਗ ਲਈ ਬੁਲਾਇਆ ਜਾਂਦਾ ਹੈ। ਉਮੀਦਵਾਰ ਇਸ਼ਤਿਹਾਰ ਨੰਬਰ 03/2016 (ਬੋਰਡ ਦੀ ਵੈੱਬਸਾਈਟ http://sssb.punjab.gov.in/ ਤੇ ਉਪਲੱਬਧ) ਦੇ ਲੜੀ ਨੰਬਰ 13 ਅਧੀਨ ਦਰਸਾਈ ਗਈ "ਚੋਣ ਵਿਧੀ" ਅਨੁਸਾਰ ਅਪਣੀ ਦਸਵੀਂ ਜਾਂ ਬਾਰਵੀਂ (ਜੇਕਰ ਦਸਵੀਂ ਵਿੱਚ ਘੱਟੋ-ਘੱਟ 2nd Division ਨਹੀਂ ਹੈ) ਦੇ ਨੰਬਰਾਂ ਦੀ ਪ੍ਰਤੀਸ਼ਤਤਾ ਕੈਲਕੁਲੇਟ ਕਰਨ, ਜੇਕਰ ਉਮੀਦਵਾਰ ਦੀ ਨੰਬਰਾਂ ਦੀ ਪ੍ਰਤੀਸ਼ਤਤਾ Annexure A ਵਿੱਚ ਦਰਸਾਈ ਗਈ ਉਮੀਦਵਾਰ ਦੀ ਕੈਟਾਂਗਰੀ ਦੀ ਕੱਟ ਆਫ ਪ੍ਰਤੀਸ਼ਤਤਾ ਦੇ ਬਰਾਬਰ ਜਾਂ ਉਸਤੋਂ ਵੱਧ ਹੈ ਤਾਂ ਉਹ ਉਮੀਦਵਾਰ ਵੀ ਕੌਂਸਲਿੰਗ ਲਈ ਹਾਜਰ ਹੋਵੇ।

3. ਕੌਂਸਲਿੰਗ ਦੌਰਾਨ ਉਮੀਦਵਾਰ ਜਨਤਕ ਨੋਟਿਸ ਨੰਬਰ 1/50/2016(DEO)-2ਅ/757 ਮਿਤੀ 26/06/2020 (ਬੋਰਡ ਦੀ ਵੈੱਬਸਾਈਟ http://sssb.punjab.gov.in/ ਤੇ ਉਪਲੱਬਧ) ਦੇ ਲੜੀ ਨੰਬਰ 9 ਤੇ ਦਰਸਾਏ ਅਨੁਸਾਰ ਦਸਤਾਵੇਜ ਪੇਸ਼ ਕਰਨਗੇ।

4. ਕੌਂਸਲਿੰਗ ਦੌਰਾਨ COVID-19 ਸਬੰਧੀ ਜਨਤਕ ਨੋਟਿਸ ਨੰਬਰ 1/50/2016(DEO)-2ਅ/757 ਮਿਤੀ 26/06/2020 (ਬੋਰਡ ਦੀ ਵੈੱਬਸਾਈਟ http://sssb.punjab.gov.in/ ਤੇ ਉਪਲੱਬਧ) ਦੇ Annexure-C ਤੇ ਦਰਸਾਈਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਉਮੀਦਵਾਰ ਪਾਬੰਦ ਹੋਣਗੇ।

5. ਇਸ਼ਤਿਹਾਰ ਨੰਬਰ 03/16 ਅਧੀਨ ਡਾਟਾ ਐਂਟਰੀ ਓਪਰੇਟਰ ਦੀਆਂ ਅਸਾਮੀਆਂ ਲਈ ਕੌਂਸਲਿੰਗ ਮਿਤੀ 07/07/20 ਤੋਂ 09/07/20 ਦੌਰਾਨ ਅਪਣੀ ਕੌਂਸਲਿੰਗ ਕਰਵਾ ਚੁੱਕੇ ਉਮੀਦਵਾਰਾਂ ਨੂੰ ਦੁਬਾਰਾ ਕੌਂਸਲਿੰਗ ਲਈ ਆਉਣ ਦੀ ਜਰੂਰਤ ਨਹੀਂ ਹੈ।

6. ਕੌਂਸਲਿੰਗ ਦੀਆਂ ਬਾਕੀ ਸ਼ਰਤਾਂ ਜਨਤਕ ਨੋਟਿਸ ਨੰਬਰ **1/50/2016(DEO)-2ਅ/757 ਮਿਤੀ 26/06/2020** (ਬੋਰਡ ਦੀ ਵੈੱਬਸਾਈਟ http://sssb.punjab.gov.in/ ਤੇ ਉਪਲੱਬਧ) ਵਾਲੀਆਂ ਹੋਣਗੀਆਂ।

ਸਕੱਤਰ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

Annexure A

**<u>ਇਸ਼ਤਿਹਾਰ ਨੰਬਰ 03/2016 ਅਧੀਨ ਡਾਟਾ ਐਂਟਰੀ ਉਪਰੇਟਰ ਦੀਆਂ 39 ਅਸਾਮੀਆਂ ਲਈ ਕੌਂਸਲਿੰਗ ਦਾ ਨਵੀਂ ਕੱਟ ਆਫ ਅਨੁਸਾਰ ਸ਼ਡਿਊਲ:-</u>**

**ਮਿਤੀ :-11/08/2020**

| ਲੜੀ ਨੰ: | ਕੈਟਾਗਰੀ | ਉਮੀਦਵਾਰ ਦੇ ਮੈਟ੍ਰਿਕ ਜਾਂ ਬਾਰਵੀਂ (ਜੇਕਰ ਮੈਟ੍ਰਿਕ ਵਿੱਚ ਘੱਟੋ ਘੱਟ 2nd Division ਨਹੀਂ ਹੈ) ਦੇ ਨੰਬਰਾਂ ਦੀ ਪ੍ਰਤੀਸ਼ਤ/ਕੱਟ ਆਫ | ਕੌਂਸਲਿੰਗ ਦਾ ਸਮਾਂ |
|---|---|---|---|
| 1 | ਓਪਨ (ਜਰਨਲ,ਬੀ.ਸੀ. ਅਤੇ ਐਸ.ਸੀ. ਕੈਟਾਗਰੀ ਦੇ ਉਮੀਦਵਾਰ ) | 77.00% ਤੋਂ 100% ਤੱਕ | 10:00 ਵਜੇ ਸਵੇਰੇ |
| 2 | ਬੀ.ਸੀ. | 69.70% ਤੋਂ 76.99% ਤੱਕ | 10:00 ਵਜੇ ਸਵੇਰੇ |
| 3 | ਐਸ.ਸੀ.ਐਮ.ਬੀ | 55.00% ਤੋਂ 76.99% ਤੱਕ | 11:00 ਵਜੇ ਦੁਪਹਿਰ |
| 4 | ਐਸ.ਸੀ.ਆਰ.ਓ | 64.00% ਤੋਂ 76.99% ਤੱਕ | 11:00 ਵਜੇ ਦੁਪਹਿਰ |
| 5 | ਸਾਬਕਾ ਫੌਜੀ (ਜਰਨਲ) | ਸਾਰੇ ਉਮੀਦਵਾਰ | 12:00 ਵਜੇ ਦੁਪਹਿਰ |
| 6 | ਸਾਬਕਾ ਫੌਜੀ (ਪੱਛੜੀ ਸ੍ਰੇਣੀ) | ਸਾਰੇ ਉਮੀਦਵਾਰ | 12:00 ਵਜੇ ਦੁਪਹਿਰ |
| 7 | ਸਾਬਕਾ ਫੌਜੀ (ਅਨੂਸੂਚਿਤ ਜਾਤੀ) | ਸਾਰੇ ਉਮੀਦਵਾਰ | 12:00 ਵਜੇ ਦੁਪਹਿਰ |
| 8 | ਅੰਗਹੀਣ (ਆਰਥੋ) | 51.50% ਤੋਂ 100% ਤੱਕ | 12:00 ਵਜੇ ਦੁਪਹਿਰ |
| 9 | ਸੁਤੰਤਰਤਾ ਸੰਗਰਾਮੀ | ਸਾਰੇ ਉਮੀਦਵਾਰ | 12:00 ਵਜੇ ਦੁਪਹਿਰ |

---------------End of Annexure A------------------